ਸਫ਼ਾ 1 ਦੀ ਬਾਕੀ

ਸੁਨੰਦਾ ਸ਼ਰਮਾ ਮਾਮਲੇ ਵਿਚ ਮਸ਼ਹੂਰ ਸੰਗੀਤ ਨਿਰਮਾਤਾ ਪਿੰਕੀ ਧਾਲੀਵਾਲ ਗ੍ਰਿਫ਼ਤਾਰ

ਇਸ ਮਾਮਲੇ ਵਿਚ ਪੰਜਾਬ ਮਹਿਲਾ ਕਮਿਸ਼ਨ ਵਲੋਂ ਸੂ-ਮੋਟੋ ਕਾਰਵਾਈ ਕੀਤੀ ਗਈ ਸੀ। ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਲਾਲੀ ਗਿੱਲ ਦੇ ਨਿਰਦੇਸ਼ਾਂ 'ਤੇ ਪਿੰਕੀ ਵਿਰੁਧ ਕੇਸ ਦਰਜ ਕੀਤਾ ਗਿਆ ਸੀ। ਲਾਲੀ ਗਿੱਲ ਨੇ ਨੋਟਿਸ ਲਿਆ ਅਤੇ ਕਿਹਾ ਕਿ ਪਿੰਕੀ ਨੇ ਸੁਨੰਦਾ ਸ਼ਰਮਾ ਨੂੰ ਧੋਖਾ ਦਿਤਾ ਹੈ। ਉਸ ਨੂੰ ਕਈ ਸਾਲਾਂ ਤੋਂ ਉਸ ਦੇ ਬਕਾਏ ਨਹੀਂ ਦਿਤੇ ਗਏ। ਉਨ੍ਹਾਂ ਨੂੰ ਕੰਪਨੀ ਵਿਚ ਬੰਧੂਆ ਮਜ਼ਦੂਰਾਂ ਵਾਂਗ ਰਖਿਆ ਜਾਂਦਾ ਹੈ ਅਤੇ ਹਰ ਮੁੱਦੇ 'ਤੇ ਧਮਕੀਆਂ ਦਿਤੀਆਂ ਜਾਂਦੀਆਂ ਹਨ। ਇਹ ਸ਼ਿਕਾਇਤ ਪੰਜਾਬ ਮਹਿਲਾ ਕਮਿਸ਼ਨ ਨੇ ਸੁਨੰਦਾ ਸ਼ਰਮਾ ਦੀ ਪੋਸਟ ਤੋਂ ਬਾਅਦ ਦਿਤੀ ਸੀ। ਅਪਣੀ ਪੋਸਟ ਵਿਚ ਸੁਨੰਦਾ ਸ਼ਰਮਾ ਨੇ ਕਿਹਾ ਸੀ ਕਿ ਮੈਂ ਇਕ ਸੁਤੰਤਰ ਕਲਾਕਾਰ ਹਾਂ। ਮੈਂ ਅਪਣੇ ਪੇਸ਼ੇਵਰ ਕਾਰਜਾਂ ਜਾਂ ਪ੍ਰਦਰਸ਼ਨਾਂ ਲਈ ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਦਿਤੇ ਹਨ। ਉਸ ਨੇ ਇਹ ਵੀ ਕਿਹਾ ਸੀ ਕਿ ਉਹ ਕਿਸੇ ਵੀ ਵਿਅਕਤੀ ਜਾਂ ਸੰਸਥਾ ਰਾਹੀਂ ਕੀਤੇ ਗਏ ਕਿਸੇ ਵੀ ਲੈਣ-ਦੇਣ ਲਈ ਜ਼ਿੰਮੇਵਾਰ ਨਹੀਂ ਹੈ। ਇੰਨਾ ਹੀ ਨਹੀਂ, ਉਸ ਨੇ ਅਪਣੇ ਪ੍ਰਸ਼ੰਸਕਾਂ ਨੂੰ ਇਹ ਵੀ ਕਿਹਾ ਕਿ ਜਿਸ ਕਿਸੇ ਨਾਲ ਵੀ ਅਜਿਹੇ ਵਿਅਕਤੀਆਂ ਜਾਂ ਸੰਗਠਨਾਂ ਨੇ ਸੰਪਰਕ ਕੀਤਾ ਹੈ ਜਾਂ ਜਿਸ ਕੋਲ ਅਜਿਹੇ ਝੂਠੇ ਬਿਆਨ ਬਾਰੇ ਕੋਈ ਜਾਣਕਾਰੀ ਹੈ, ਉਹ ਤੁਰਤ ਮੇਰੀ ਟੀਮ ਨਾਲ ਈਮੇਲ ਅਤੇ ਫ਼ੋਨ ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਉਸ ਨੇ ਇਹ ਵੀ ਕਿਹਾ ਕਿ ਜਿਸ ਕਿਸੇ ਨੇ ਵੀ ਮੇਰੇ ਨਾਲ ਅਪਣੇ ਸਬੰਧਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਜਾਂ ਮੇਰੇ ਵਪਾਰਕ ਇਕਰਾਰਨਾਮਿਆਂ ਵਿਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ, ਉਸ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸੁਨੰਦਾ ਨੇ ਇਹ ਵੀ ਦੋਸ਼ ਲਗਾਇਆ ਸੀ ਕਿ ਪਿੰਕੀ ਦੀ ਕੰਪਨੀ ਨੇ ਪਿਛਲੇ ਸਾਲਾਂ ਦੌਰਾਨ 250 ਕਰੋੜ ਰੁਪਏ ਕਮਾਉਣ ਦੇ ਬਾਵਜੂਦ ਉਸ ਨੂੰ ਕੋਈ ਭੁਗਤਾਨ ਨਹੀਂ ਕੀਤਾ। ਮੋਹਾਲੀ ਪੁਲਿਸ ਨੂੰ ਦਿਤੀ ਅਪਣੀ ਸ਼ਿਕਾਇਤ ਵਿਚ ਸੁਨੰਦਾ ਨੇ ਇਹ ਵੀ ਦੋਸ਼ ਲਗਾਇਆ ਕਿ ਪੁਸ਼ਪਿੰਦਰ ਧਾਲੀਵਾਲ ਨੇ ਉਸ ਦਾ ਵਿਆਹ ਉਸ ਦੇ ਪੁੱਤਰ ਗੁਰਕਰਨ ਧਾਲੀਵਾਲ ਨਾਲ ਕਰਵਾਉਣ ਦੇ ਬਹਾਨੇ ਉਸ ਦਾ ਸ਼ੋਸ਼ਣ ਕੀਤਾ। ਇਸ ਮਾਮਲੇ ਵਿਚ ਪੁਲਿਸ ਬੜੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਕਿਉਂਕਿ ਇਸ ਮਾਮਲੇ ਦੀ ਇਕ ਸ਼ਿਕਾਇਤ ਮੁੱਖ ਮੰਤਰੀ ਭਗਵੰਤ ਮਾਨ ਕੋਲ ਵੀ ਪੁੱਜ ਗਈ ਹੈ।

ਸਫ਼ਾ 3 ਦੀਆਂ ਬਾਕੀਆਂ

ਹੋਲਾ ਮਹੱਲਾ ਦੌਰਾਨ ਸੁਚਾਰੂ ਟ੍ਰੈਫ਼ਿਕ ਵਿਵਸਥਾ ਲਈ ਬਦਲਵੇਂ ਰੂਟ ਕੀਤੇ ਤਿਆਰ

, ਝੱਜ ਚੌਕ, ਕਲਵਾ ਮੋੜ ਰੂਟ ਤਿਆਰ ਕੀਤਾ ਗਿਆ ਹੈ। ਇਸੇ ਤਰ੍ਹਾਂ ਬੁੰਗਾ ਸਾਹਿਬ ਤੋਂ ਗੜ੍ਹਸ਼ੰਕਰ ਤੇ ਨੰਗਲ ਆਉਣ ਜਾਣ ਲਈ ਨੂਰਪੁਰ ਬੇਦੀ, ਝੱਜ ਚੌਕ, ਕਲਵਾਂ ਮੋੜ ਰੂਟ ਤਿਆਰ ਕੀਤਾ ਗਿਆ ਹੈ। ਅਜੇ ਸਿੰਘ ਡੀ.ਐਸ.ਪੀ ਅਨੰਦਪੁਰ ਸਾਹਿਬ ਨੇ ਦਸਿਆ ਕਿ ਇਹ ਰੂਟ ਡਾਈਵਰਜਨ ਦਾ ਸ਼ਾਨਦਾਰ ਮੈਪ ਤਿਆਰ ਕੀਤਾ ਗਿਆ ਹੈ ਜਿਸ ਅਨੁਸਾਰ ਪ੍ਰਵੇਸ਼ ਵਰਜਿਤ ਪੁਆਇੰਟ ਤੇ ਡਾਈਵਰਸ਼ਨ ਦੇ ਸੰਕੇਤ ਨਕਸ਼ੇ ਉਤੇ ਦਰਸਾਏ ਗਏ ਹਨ, ਜਿਸ ਤੋਂ ਬਾਹਰੋਂ ਆਉਣ ਜਾਣ ਵਾਲੇ ਵਾਹਨ ਚਾਲਕਾਂ ਤੇ ਹੋਲਾ ਮਹੱਲਾ ਦੌਰਾਨ ਮੇਲਾ ਖੇਤਰ ਵਿਚ ਆਉਣ ਵਾਲੀ ਸੰਗਤ ਨੂੰ ਇਸ ਨਕਸ਼ੇ ਤੋਂ ਵੱਡੀ ਜਾਣਕਾਰੀ ਮਿਲ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪਾਰਕਿੰਗ ਵਾਲੀਆਂ ਥਾਵਾਂ ਤੋ ਨਿਰੰਤਰ ਸਟਲ ਬੱਸ ਸਰਵਿਸ ਤੇ ਈ ਰਿਕਸ਼ਾ ਦੀ ਸਹੂਲਤ ਵੀ ਸ਼ਰਧਾਲੂਆਂ ਨੂੰ 24/7 ਦਿਤੀ ਜਾਵੇਗੀ।

ਪੰਜਾਬ ਪੁਲਿਸ ਨੇ ਸੂਬੇ ਭਰ ਦੇ 262 ਬੱਸ ਅੱਡਿਆਂ ਉਤੇ ਤਲਾਸ਼ੀ ਮੁਹਿੰਮ ਚਲਾਈ

ਪੁਲਿਸ ਟੀਮਾਂ ਨੇ ਪੁੱਛਗਿੱਛ ਲਈ 175 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੁਲਿਸ ਟੀਮਾਂ ਨੇ ਇਸ ਆਪ੍ਰੇਸ਼ਨ ਦੌਰਾਨ ਦੋ ਅਪਰਾਧਿਕ ਮਾਮਲੇ ਵੀ ਦਰਜ ਕੀਤੇ ਹਨ ਅਤੇ 100 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਇਸ ਕਾਰਵਾਈ ਦੌਰਾਨ, ਪੁਲਿਸ ਟੀਮਾਂ ਨੇ ਬੱਸ ਅੱਡਿਆਂ ਅਤੇ ਇਸ ਦੇ ਆਲੇ-ਦੁਆਲੇ ਖੜ੍ਹੇ ਵਾਹਨਾਂ ਦੀ ਵੀ ਜਾਂਚ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਪੁਲਿਸ ਟੀਮਾਂ ਵੱਲੋਂ 208 ਵਾਹਨਾਂ ਦੇ ਚਲਾਨ ਕੀਤੇ ਗਏ ਅਤੇ 14 ਵਾਹਨਾਂ ਨੂੰ ਜ਼ਬਤ ਕੀਤਾ ਗਿਆ ਹੈ। ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਦੁਹਰਾਇਆ ਕਿ ਸਰਹੱਦੀ ਸੂਬੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਯਕੀਨੀ ਬਣਾਉਣ ਲਈ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ।

ਤਖ਼ਤ ਸਾਹਿਬਾਨ ਦੀ ਸਰਬਉੱਚਤਾ ਨੂੰ ਸਿਆਸਤਦਾਨ ਢਾਅ ਲਗਾ ਰਹੇ ਹਨ : ਪੰਜ ਸਿੰਘ

ਹੈ ਜਿਸਦੇ ਨਤੀਜੇ ਵਜੋਂ ਇਕ ਮਹੀਨੇ ਵਿੱਚ ਗਿਆਨੀ ਹਰਪ੍ਰੀਤ ਸਿੰਘ,ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਬਦਨਾਮ ਕਰਕੇ ਅਹੁਦਿਆਂ ਤੋਂ ਲਾਂਭੇ ਕੀਤਾ ਗਿਆ ਹੈ। ਹੈਰਾਨਗੀ ਦੀ ਗੱਲ ਹੈ ਇਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਨੇ ਵਫ਼ਾਦਾਰ ਅਤੇ ਯੋਗ ਸਮਝਦੇ ਹੋਏ ਦੋ- ਦੋ ਅਹੁਦੇ ਦਿੱਤੇ ਸਨ ਪਰ ਅਖੀਰ ਵਿੱਚ ਬਦਨਾਮੀ ਝੋਲ ਾਿੱਚ ਪਾਕੇ ਘਰ ਤੋਰ ਦਿੱਤਾ । ਪੰਜ ਪਿਆਰਿਆ ਨੇ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਿਰਮੌਰ ਆਗੂ ਸ੍ ਕਰਨੈਲ ਸਿੰਘ ਪੀਰਮੁਹੰਮਦ ਦਾ ਮੌਜੂਦਾ ਸਮੇ ਵਿੱਚ ਰੋਲ ਬੇਹੱਦ ਸਲਾਘਾਯੋਗ ਹੈ ਉਹਨਾਂ ਵਾਗ ਬਾਕੀ ਪੰਥਕ ਆਗੂਆਂ ਨੂੰ ਨਿਡਰ ਹੋਕੇ ਅੱਗੇ ਆਉਣਾ ਚਾਹੀਦਾ ਹੈ। ਪੰਜ ਸਿੰਘਾ ਨੇ ਸਮੁੱਚੇ ਪੰਥ ਨੂੰ ਅਪੀਲ ਕੀਤੀ ਕਿ ਸਰੋਮਣੀ ਕਮੇਟੀ ਦੀ ਅੰਤਰਿਕ ਕਮੇਟੀ ਵਲੋ ਜਥੇਦਾਰ ਸਾਹਿਬਾਂ ਨੂੰ ਨਿਯੁਗਤ ਕਰਨ ਅਤੇ ਸੇਵਾ ਮੁਕਤ ਕਰਨ ਲਗਿਆ ਸਮੁੱਚੇ ਪੰਥ ਨੂੰ ਸੱਦਾ ਪੱਤਰ ਨਹੀ ਦਿਤਾ ਜਾਂਦਾ ਪਰ ਜਦੋ ਦਸਤਾਰ ਬੰਦੀਂ ਸਮੇਂ ਚਿੱਠੀ ਪਤਰ ਭੇਜ ਕੇ ਪੰਥਕ ਜਥੇਬੰਦੀਆਂ ਨੂੰ ਸਰੋਪੇ ਲੈ ਕੇ ਆਉਣ ਲਈ ਕਿਹਾ ਜਾਂਦਾ ਹੈ ਤਾਂ ਉਸ ਸਮੇਂ ਇਨ੍ਹਾਂ ਦੀ ਆਪਹੁਦਰੀ ਨੂੰ ਰੋਕਣ ਲਈ ਸਮੂਲੀਅਤ ਨਾ ਕੀਤੀ ਜਾਵੇ। ਪੰਜ ਸਿੰਘਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਹੁਣ ਨਿਖੇੜੇ ਦਾ ਸਮਾਂ ਆ ਗਿਆ ਹੈ ਜਿਸ ਲਈ ਨੇੜਲੇ ਭਵਿੱਖ ਵਿੱਚ ਪੰਥਕ ਦਰਦੀਆਂ ਤੇ ਜਥੇਬੰਦੀਆਂ ਦਾ ਨੁਮਾਇੰਦਾ ਇਕੱਠ ਕਰਕੇ ਅਗਲੀ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ।

ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਸਬੰਧੀ ਦੁਨੀਆਂ ਭਰ ਦੀ ਸੰਗਤ ਹੋਵੇ ਇਕੱਠੀ : ਪੰਥਪ੍ਰੀਤ ਸਿੰਘ

ਤੋਂ ਦੁਨੀਆਂ ਭਰ ਦੀਆਂ ਸੰਗਤਾਂ ਨਿਰਾਸ਼ ਹੋਈਆਂ ਹਨ। ਉਨ੍ਹਾਂ ਆਖਿਆ ਕਿ ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸੰਗਤਾਂ ਦੀਆਂ ਭਾਵਨਾਵਾਂ ਮੁਤਾਬਕ ਕੋਈ ਫ਼ੈਸਲਾ ਕਰਦੇ ਹਨ ਤਾਂ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਵਲੋਂ ਤੁਰਤ ਜਥੇਦਾਰਾਂ ਨੂੰ ਉਨ੍ਹਾਂ ਦੀ ਸੀਮਾ ਅਰਥਾਤ ਔਕਾਤ ਦਸ ਦਿਤੀ ਜਾਂਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਰਨ ਲਈ ਤਾਂ ਬਾਦਲ ਵਿਰੋਧੀ ਕਈ ਧੜੇ ਤਿਆਰ ਅਤੇ ਤੱਤਪਰ ਹਨ ਪਰ ਅਕਾਲ ਤਖ਼ਤ ਸਾਹਿਬ ਦੀ ਵਿਚਾਰਧਾਰਾ, ਪ੍ਰੰਪਰਾ, ਮਰਿਆਦਾ ਅਤੇ ਸਿਧਾਂਤ ਨੂੰ ਬਚਾਉਣ ਲਈ ਕੋਈ ਵੀ ਗੰਭੀਰ ਨਹੀਂ। ਉਨ੍ਹਾਂ ਦਸਿਆ ਕਿ ਸਾਲ 1999 ਵਿਚ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾਮੁਕਤੀ ਸਬੰਧੀ ਵਿਧੀ ਵਿਧਾਨ ਬਣਾਉਣ ਦੀ ਗੱਲ ਚਲੀ ਪਰ ਫਿਰ ਸੱਭ ਚੁੱਪ ਹੋ ਕੇ ਰਹਿ ਗਏ। ਉਨ੍ਹਾਂ ਅਫ਼ਸੋਸ ਪ੍ਰਗਟਾਇਆ ਕਿ ਸਾਡਾ ਬੁੱਧੀਜੀਵੀ ਵਰਗ ਧਰਮ ਤੋਂ ਦੂਰ ਹੁੰਦਾ ਜਾ ਰਿਹਾ ਹੈ, ਜਿਸ ਕਰ ਕੇ ਭਾਜਪਾ ਨੇ ਦੋ ਪਵਿੱਤਰ ਤਖ਼ਤਾਂ ਹਜ਼ੂਰ ਸਾਹਿਬ, ਪਟਨਾ ਸਾਹਿਬ ਸਮੇਤ ਦਿੱਲੀ ਅਤੇ ਹਰਿਆਣੇ ਦੀਆਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ 'ਤੇ ਕਬਜ਼ਾ ਕਰ ਲਿਆ ਹੈ। ਭਾਈ ਪੰਥਪ੍ਰੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਨਵੇਂ ਨਿਯੁਕਤ ਹੋਏ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕੀਤੀ ਕਿ ਉਹ ਕਿਸੇ ਸਿਆਸਤਦਾਨ ਦੇ ਦਬਾਅ ਵਿਚ ਨਾ ਆਉਣ, 2 ਦਸੰਬਰ 2024 ਦੇ ਹੁਕਮਨਾਮੇ ਨੂੰ ਇਨ-ਬਿਨ ਲਾਗੂ ਕਰਨ ਦੀ ਦਲੇਰੀ ਦਿਖਾਉਣ, ਨਹੀਂ ਤਾਂ ਉਨ੍ਹਾਂ ਨੂੰ ਵੀ ਸੰਗਤ ਦੀ ਕਚਹਿਰੀ ਵਿਚ ਇਸ ਦਾ ਖਮਿਆਜਾ ਭੁਗਤਣਾ ਪੈ ਸਕਦਾ ਹੈ।

ਖੰਡਰ ਹਵੇਲੀਆਂ ਨੂੰ ਢਾਹ ਕੇ ਨਾਮੋ ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ : ਭਾਈ ਘੋਲੀਆ

ਉਨ੍ਹਾਂ ਦੀਆਂ 6 ਫ਼ੈਕਟਰੀਆਂ, ਕਾਫ਼ੀ ਦੁਕਾਨਾਂ ਸਮੇਤ 297 ਘਰਾਂ ਨੂੰ ਢਾਹ ਕੇ ਅੱਗਾਂ ਲਾ ਕੇ ਕਰੋੜਾਂ ਦੀ ਸੰਪਤੀ ਨੂੰ ਲੁੱਟ-ਪੁੱਟ ਲਿਆ ਸੀ। ਇਸ ਸਬੰਧੀ ਲੰਬੇ ਸਮੇਂ ਤੋਂ ਵੱਡੀ ਤੇ ਕਾਨੂੰਨੀ ਲੜਾਈ ਸ਼੍ਰੋਮਣੀ ਕਮੇਟੀ ਦੇ ਵਿਸ਼ੇਸ਼ ਸਹਿਯੋਗ ਸਦਕਾ ਲੜ ਰਹੇ ਹਨ। ਉਨ੍ਹਾਂ ਦਸਿਆ ਕਿ ਹੋਂਦ ਚਿੱਲੜ ਖੰਡਰ ਬਣ ਚੁੱਕੀਆਂ ਹਵੇਲੀਆਂ ਦੀਆਂ ਦੀਵਾਰਾਂ ਨਾਲ ਕੁੱਝ ਲੋਕਾਂ ਨੇ ਛੇੜਛਾੜ ਕਰਨ ਤੋਂ ਬਾਅਦ ਆਲੇ-ਦੁਆਲੇ ਦੀ ਜ਼ਮੀਨ ਨੂੰ ਕਾਫ਼ੀ ਹਦ ਤਕ ਅਪਣੇ ਖੇਤਾਂ ਵਿਚ ਰਲਾ ਲਿਆ ਹੈ ਉਥੇ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਵਲੋਂ ਲਾਏ ਨਿਸ਼ਾਨ ਸਾਹਿਬ ਨੂੰ ਡੇਗ ਦਿਤਾ ਅਤੇ ਪੌਦਿਆਂ ਨੂੰ ਵੀ ਪੁੱਟ ਦਿਤਾ ਹੈ ਜਿਸ 'ਤੇ ਖ਼ਦਸ਼ਾ ਹੈ ਕਿ ਨੇੜਲੇ ਅਸਰ ਸਰੂਖ ਵਾਲੇ ਲੋਕ ਹੀ ਜਗਾ ਨੂੰ ਢਾਹ ਕੇ ਜਾਂ ਰਲਾ ਕੇ ਕਬਜ਼ਾ ਕਰਨ ਦੀ ਤਾਕ ਵਿਚ ਹਨ। ਇਸ ਸਮੇਂ ਹੋਂਦ ਚਿੱਲੜ ਇਨਸਾਫ਼ ਕਮੇਟੀ ਨੇ ਪੀੜਤਾਂ ਨੂੰ ਨਾਲ ਲੈ ਕੇ ਜ਼ਿਲ੍ਹਾ ਰੇਵਾੜੀ ਦੇ ਡਿਪਟੀ ਕਮਿਸ਼ਨਰ ਅਭਿਸ਼ੇਕ ਮੀਣਾ ਨਾਲ ਦੂਜੀ ਵਾਰ ਮੁਲਾਕਾਤ ਕੀਤੀ ਤੇ ਇਹ ਸਾਰਾ ਮਾਮਲਾ ਉਠਾਇਆ। ਉਨ੍ਹਾਂ ਤੁਰਤ ਐਸ.ਡੀ.ਐੱਮ., ਤਹਿਸੀਲਦਾਰ ਅਤੇ ਕਾਨੂੰਗੋ ਨੂੰ ਬੁਲਾ ਕੇ ਸਖ਼ਤ ਹਦਾਇਤਾਂ ਕੀਤੀਆਂ ਕਿ ਹੋਂਦ ਚਿੱਲੜ ਪਿੰਡ ਦੀ ਜਲਦੀ ਨਿਸ਼ਾਨਦੇਹੀ ਕਰਨ ਦੇ ਆਰਡਰ ਕਰਨ ਉਪਰੰਤ ਮੌਕੇ 'ਤੇ ਜਾ ਕੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਬੰਧਤ ਲੋਕਾਂ ਵਿਰੁਧ ਕਾਰਵਾਈ ਲਈ ਭਰੋਸਾ ਦਿਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਪੀੜਤ ਸੁਰਜੀਤ ਕੌਰ ਹੋਂਦ ਚਿੱਲੜ, ਸਰਪੰਚ ਰਵੀ ਕੁਮਾਰ, ਗੋਪਾਲ ਸਿੰਘ ਰੇਵਾੜੀ, ਪੀੜਤ ਗੁਰਜੀਤ ਸਿੰਘ ਪਟੌਦੀ, ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਹਰਜੀਤ ਸਿੰਘ ਅੰਮ੍ਰਿਤਸਰ ਆਦਿ ਵੀ ਹਾਜ਼ਰ ਸਨ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦਾ ਤਾਜਪੋਸ਼ੀ ਸਮਾਗਮ ਵਿਵਾਦਾਂ 'ਚ ਘਿਰਿਆ

ਉਧਰ ਪ੍ਰਸ਼ਾਸਨ ਨੇ ਪਹਿਲਾਂ ਹੀ ਹਾਈ ਅਲਰਟ ਕੀਤਾ ਹੋਇਆ ਹੈ। ਪੰਜਾਬ ਵਿਚ ਹੋਲੇ ਮਹੱਲੇ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ ਕਰੜੇ ਕਰ ਦਿਤੇ ਗਏ ਹਨ। ਸ੍ਰੀ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਨੂੰ ਸੁਰੱਖਿਆ ਸੈਕਟਰਾਂ ਵਿਚ ਵੰਡਿਆ ਗਿਆ ਹੈ, ਜਿਥੇ 5000 ਪੁਲਿਸ ਕਰਮਚਾਰੀ, 25 ਐਸਪੀ ਅਤੇ 46 ਡੀਐਸਪੀ ਤੈਨਾਤ ਰਹਿਣਗੇ। ਇਸ ਵਾਰ 150 ਸੀਸੀਟੀਵੀ ਕੈਮਰੇ ਵੀ ਲਗਾਏ ਗਏ ਹਨ ਤਾਂ ਜੋ ਅਸਾਮਾਜਕ ਤੱਤਾਂ ਅਤੇ ਉਪਦਰਵੀਆਂ 'ਤੇ ਕੜੀ ਨਿਗਰਾਨੀ ਰੱਖੀ ਜਾ ਸਕੇ।

ਸੀਰੀਆ ਹਿੰਸਾ 'ਚ ਮ੍ਰਿਤਕਾਂ ਦੀ ਗਿਣਤੀ 1,000 ਤੋਂ ਪਾਰ ਹੋਈ

ਦੇ ਮੈਂਬਰਾਂ ਨੂੰ ਮਾਰਨ ਤੋਂ ਬਾਅਦ ਦੋਵਾਂ ਵਿਚਕਾਰ ਝੜਪਾਂ ਜਾਰੀ ਹਨ। ਪਰ ਇਹ ਹਯਾਤ ਤਹਿਰੀਰ ਅਲ-ਸ਼ਾਮ ਲਈ ਇਕ ਵੱਡਾ ਝਟਕਾ ਹੈ ਕਿਉਂਕਿ ਇਸ ਦੀ ਅਗਵਾਈ ਵਿਚ ਹੀ ਬਾਗ਼ੀ ਸਮੂਹਾਂ ਨੇ ਅਸਦ ਦੇ ਸ਼ਾਸਨ ਦਾ ਤਖ਼ਤਾ ਪਲਟ ਦਿਤਾ ਸੀ। ਅਲਾਵਾਈ ਪਿੰਡਾਂ ਅਤੇ ਕਸਬਿਆਂ ਦੇ ਵਸਨੀਕਾਂ ਨੇ ਐਸੋਸੀਏਟਿਡ ਪ੍ਰੈਸ ਨਿਊਜ਼ ਏਜੰਸੀ ਨੂੰ ਦਸਿਆ ਕਿ ਬੰਦੂਕਧਾਰੀਆਂ ਨੇ ਜ਼ਿਆਦਾਤਰ ਅਲਾਵਾਈ ਆਦਮੀਆਂ ਨੂੰ ਗਲੀਆਂ ਵਿਚ ਜਾਂ ਉਨ੍ਹਾਂ ਦੇ ਘਰਾਂ ਦੇ ਦਰਵਾਜ਼ਿਆਂ 'ਤੇ ਗੋਲੀ ਮਾਰ ਦਿਤੀ। ਹਿੰਸਾ ਨਾਲ ਸੱਭ ਤੋਂ ਵੱਧ ਪ੍ਰਭਾਵਤ ਕਸਬਿਆਂ ਵਿਚੋਂ ਇਕ, ਬਨੀਆਸ ਦੇ ਵਸਨੀਕਾਂ ਨੇ ਕਿਹਾ ਕਿ ਲਾਸ਼ਾਂ ਸੜਕਾਂ 'ਤੇ ਜਾਂ ਘਰਾਂ ਅਤੇ ਇਮਾਰਤਾਂ ਦੀਆਂ ਛੱਤਾਂ 'ਤੇ ਪਈਆਂ ਸਨ ਅਤੇ ਉਨ੍ਹਾਂ ਨੂੰ ਚੁੱਕਣ ਅਤੇ ਦਫ਼ਨਾਉਣ ਵਾਲਾ ਕੋਈ ਨਹੀਂ ਸੀ। (ਏਜੰਸੀ)

ਬਾਦਲ ਧੜੇ ਦੀ ਅੜੀ ਕਾਰਨ ਸਿੱਖ ਪੰਥ ਅੰਦਰ ਖ਼ਾਨਾਜੰਗੀ ਵਰਗੀ ਸਥਿਤੀ ਬਣਨ ਲੱਗੀ

ਬਾਦਲ ਦੀ ਲੀਡਰਸ਼ਿਪ ਕੋਈ ਸਬਕ ਨਹੀਂ ਲੈ ਰਹੀ ਅਤੇ ਸੁਖੀਬੀਰ ਬਾਦਲ ਦੀ 'ਕਿਚਨ ਕੈਬਨਿਟ' ਵਿਚ ਸ਼ਾਮਲ ਕੁੱਝ ਆਗੂ ਪਾਰਟੀ ਦਾ ਬੇੜਾ ਡੋਬਣ 'ਤੇ ਤੁਲੇ ਹੋਏ ਹਨ। ਨਿਹੰਗ ਜਥੇਬੰਦੀਆਂ ਤੇ ਦਬਦਮੀ ਟਕਸਾਲ ਸਮੇਤ ਹੋਰ ਪੰਥਕ ਜਥੇਬੰਦੀਆਂ ਨੇ ਅੱਜ 10 ਮਾਰਚ ਨੂੰ ਨਵ-ਨਿਯੁਕਤ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਸੇਵਾ ਸੰਭਾਲ ਪ੍ਰੋਗਰਾਮ ਦਾ ਵਿਰੋਧ ਕਰ ਦਿਤਾ ਹੈ।ਨਿਹੰਗ ਜਥੇਬੰਦੀਆਂ ਵਲੋਂ ਅਪਣੇ ਸਿਘਾਂ ਨੂੰ ਗੜਗੱਜ ਦਾ ਵਿਰੋਧ ਕਰਨ ਲਈ 10 ਮਾਰਚ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਦਾ ਸੱਦਾ ਦੇ ਦਿਤਾ ਗਿਆ ਹੈ। ਇਸ ਨਾਲ ਬਾਦਲ ਧੜੇ ਦੀ 'ਮੈਂ ਨਾ ਮਾਨੂੰ' ਵਾਲੀ ਅੜੀ ਅਤੇ ਅਕਾਲ ਤਖ਼ਤ ਨਾਲ ਸਿੱਧਾ ਮੱਥਾ ਲਗਾਉਣ ਦੀ ਨੀਤੀ ਕਾਰਨ ਸਿੱਖ ਪੰਥ ਅੰਦਰ ਖ਼ਾਨਾਜੰਗੀ ਦੀ ਸਥਿਤ